## ਬੱਚਿਆਂ ਨਾਲ ਕਾਮੁਕ ਦੁਰਵਿਹਾਰ ਦੀਆਂ ਨਿਸ਼ਾਨੀਆਂ

ਕਾਮੁਕ ਦੁਰਵਿਹਾਰ ਵੱਖ ਵੱਖ ਬੱਚਿਆਂ ਤੇ ਵੱਖ ਵੱਖ ਪ੍ਰਭਾਵ ਪਾਉਂਦਾ ਹੈ।ਕਾਮੁਕ ਦੁਰਵਿਹਾਰ ਦੇ ਦੁਖਾਂਤ ਨੂੰ ਝੱਲ ਰਹੇ ਬੱਚਿਆਂ ਦੇ ਇਸ ਤਣਾਓ ਨੂੰ ਨਜਿੱਠਣ ਦੇ ਤਰੀਕੇ ਵੀ ਆਮ ਬੱਚਿਆਂ ਦੇ ਰੋਜ਼ਮਰਾ ਦੇ ਤਣਾਓ ਨਾਲ ਨਜਿੱਠਣ ਦੇ ਤਰੀਕਿਆਂ ਵਾਂਗ ਹੀ ਹੁੰਦੇ ਹਨ। ਹੇਠਾਂ ਬੱਚਿਆਂ ਨਾਲ ਕਾਮੁਕ ਦੁਰਵਿਹਾਰ ਦੀਆਂ ਕੁਝ ਨਿਸ਼ਾਨੀਆਂ ਲਿਖੀਆ ਹਨ, ਪਰ ਇਹਨਾਂ ਵਿੱਚੋਂ ਇੱਕ ਜਾਂ ਦੋ ਅਜਿਹੀਆਂ ਨਿਸ਼ਾਨੀਆਂ ਦਿਸਣ ਤਾਂ ਇਸਦਾ ਮਤਲਬ ਇਹ ਨਹੀਂ ਕਿ ਉਸ ਨਾਲ ਕਾਮੁਕ ਦੁਰਵਿਹਾਰ ਹੋਇਆ ਹੈ, ਉਸਦੀ ਰੋਜ਼ਮਰਾ ਜ਼ਿੰਦਗੀ ਵਿੱਚ ਕੋਈ ਹੋਰ ਤਣਾਓ ਵੀ ਹੋ ਸਕਦਾ ਹੈ ਜਿਸ ਲਈ ਉਸਨੂੰ ਮਦਦ ਦੀ ਲੋੜ ਹੈ।

- ਸਰੀਰ ਤੇ ਅਸਾਧਾਰਣ ਸੱਟਾਂ ਦਾ ਹੋਣਾ
- ਅਸਧਾਰਨ ਬਿਮਾਰੀ, ਦਿਲ ਕੱਚਾ ਹੋਣਾ, ਸਿਰ ਦਰਦ
- ਸੌਣ ਵਿੱਚ ਮੁਸ਼ਕਿਲ/ਸੁਪਨੇ ਆਉਣੇ/ਬਿਸਤਰੇ ਤੇ ਪਿਸ਼ਾਬ ਨਿਕਲ ਜਾਣਾ
- ਡਿੱਗੇ ਢੱਠੇ ਰਹਿਣਾ
- ਸਕੂਲ ਦੇ ਕੰਮ ਵਿੱਚ ਤਬਦੀਲੀ ਆਉਣੀ
- ਉਦਾਸ ਰਹਿਣ ਲੱਗਣਾ
- ਗੁੱਸਾ ਆਉਣਾ
- ਢਹਿੰਦੀ ਕਲਾ ਵਿੱਚ ਜਾਣਾ
- ਅਸ਼ਲੀਲ ਹਰਕਤਾਂ

**ਯਾਦ ਰੱਖੋ:** ਇਹ ਹੋ ਸਕਦਾ ਹੈ ਕਿ ਬੱਚਿਆਂ ਨਾਲ ਕਾਮੁਕ ਦੁਰਵਿਹਾਰ ਦੀਆਂ ਨਿਸ਼ਾਨੀਆਂ ਕਦੇ ਵੀ ਪ੍ਰਤੱਖ ਨਾ ਦਿਸਣ।

## ਜੇ ਬੱਚੇ ਨਾਲ ਕਾਮੁਕ ਦੁਰਵਿਹਾਰ ਹੋਇਆ ਹੋਵੇ ਤਾਂ ਹੋ ਸਕਦਾ ਹੈ ਉਹ ਇਸ ਤਰ੍ਹਾਂ ਮਹਿਸੂਸ ਕਰਨ:

- ਉਦਾਸ, ਡਰਿਆ ਹੋਇਆ
- ਚਿੰਤਤ, ਘਬਰਾਇਆ ਹੋਇਆ
- ਕਸੂਰਵਾਰ, ਸ਼ਰਮ
- ਬੇਬਸੀ (ਮਜ਼ਬੂਰ, ਲਾਚਾਰ)
- ਸਦਮਾ
- ਡਰ, ਫਿਕਰ
- ਸ਼ਰਮਸਾਰ
- ਭਾਵਨਾਵਾਂ ਦਾ ਮਰ ਜਾਣਾ

## CCASA

ਛਛਅਸ਼ਅ ਕੈਲਗਰੀ ਅਤੇ ਇਸਦੇ ਆਸ ਪਾਸ ਦੇ ਇਲਾਕਿਆਂ ਲਈ ਕਾਮੁਕ ਦੁਰਵਿਹਾਰ ਅਤੇ ਜਿਣਸੀ ਹਮਲਿਆਂ ਤੋਂ ਪ੍ਰਭਾਵਿਤ ਵਿਅਕਤੀਆਂ ਲਈ ਸੰਕਟਕਲੀਨ ਸੇਵਾਵਾਂ ਅਤੇ ਜਾਣਕਾਰੀ ਦੇਣ ਵਾਲੀ ਪਹਿਲੀ ਸੰਸਥਾ ਹੈ। ਛਛਅਸ਼ਅ ਸੁਰੱਖਿਅਤ, ਆਮ ਵਿਅਕਤੀ ਦੀ ਪਹੁੰਚ ਮੁਤਾਬਿਕ, ਪੇਸ਼ਾਵਰ ਸੇਵਾਵਾਂ, ਬਿਨਾ ਕਿਸੇ ਜਾਤ ਪਾਤ, ਯੋਗਤਾ, ਧਰਮ ਅਤੇ ਲਿੰਗਕ ਵਿਤਕਰੇ ਤੋਂ ਬਿਨਾਂ ਸੇਵਾਵਾਂ ਪ੍ਰਦਾਨ ਕਰਦੀ ਹੈ।

### ਸਾਡਾ ਦ੍ਰਿਸ਼ਟੀ ਕੋਣ (Vision)

ਕਾਮੁਕ ਦੁਰਵਿਹਾਰ ਅਤੇ ਜਿਣਸੀ ਹਮਲਿਆਂ ਰਹਿਤ ਸਿਹਤਮੰਦ ਸਮਾਜ।

### ਸਾਡਾ ਉਦੇਸ਼ (Mission)

ਕਾਮੁਕ ਦੁਰਵਿਹਾਰ ਆਤੇ ਜਿਣਸੀ ਹਮਲਿਆਂ ਦੀ ਸੋਚ ਤੇ ਰਵੱਈਏ ਨੂੰ ਚੰਗਾ ਬਣਾਉਣ ਲਈ ਅਗਵਾਈ ਕਰਨਾ।.

### CCASA ਦੁਆਰਾ ਦਿੱਤੀਆਂ ਜਾਂਦੀਆਂ ਸੇਵਾਵਾਂ ਮੁਫਤ ਅਤੇ ਗੁਪਤ ਹਨ

- ਵਿਅਕਤੀਗਤ ਤੌਰ ਤੇ ਸਲਾਹ-ਮਸ਼ਵਰਾ
- ਸਾਂਝੇ ਤੌਰ ਤੇ (ਗਰੁੱਪ) ਸਲਾਹ-ਮਸ਼ਵਰਾ
- ਫੋਨ ਤੇ 24 ਘੰਟੇ ਸਹਾਇਤਾ ਅਤੇ ਜਾਣਕਾਰੀ
- ਅਲਬਰਟਾ ਵਿੱਚ 24 ਘੰਟੇ ਦੀ ਟੋਲ ਫਰੀ ਫੋਨ ਲਾਈਨ
- 24 ਘੰਟੇ ਹਸਪਤਾਲ ਦੀਆਂ ਸੇਵਾਵਾਂ ਲੈਣ ਵਿੱਚ ਸਹਿਯੋਗ
- ਪਬਲਿਕ ਲਈ ਸਿੱਖਿਆ ਤੇ ਜਾਣਕਾਰੀ
- ਪੁਲੀਸ ਤੇ ਕੋਰਟ ਸੰਬੰਧੀ ਸਿੱਖਿਆ ਤੇ ਸਹਾਇਤਾ (P.A.C.E.S.)

ਤੁਹਾਡੀ ਮੰਗ ਮੁਤਾਬਿਕ (ਇੰਟਰਪਰੇਟਰ) ਤੁਹਾਡੀ ਭਾਸ਼ਾ ਵਿੱਚ ਤਰਜਮਾ ਕਰਨ ਵਾਲੇ ਦਾ ਪ੍ਰਬੰਧ

ਇਹਨਾਂ ਪ੍ਰੋਗਰਾਮਾਂ ਅਤੇ ਸੇਵਾਵਾਂ ਸੰਬੰਧੀ ਹੋਰ ਜਾਣਕਾਰੀ ਲੈਣ ਲਈ, ਪਬਲਿਕ ਨੂੰ ਇਸ ਬਾਰੇ ਜਾਗਰਿਤ ਕਰਨ ਲਈ ਅਤੇ ਵਲੰਟੀਅਰ ਕਰਨ ਲਈ ਹੇਠ ਲਿਖੀ ਵੈਬਸਾਈਟ ਤੇ ਜਾਓ ਜਾਂ ਫੋਨ ਕਰੋ:

ਵੈਬਸਾਈਟ: calgarycasa.com
ਫੋਨ: 403-237-6905 ਫੈਕਸ:403-264-8355

ਪਤਾ: ਯੂਨਿਟ ਨੰਬਰ 700, ਬਿਲਡਿੰਗ ਨੰਬਰ 910

7 ਐਵਿਨਿਊ, ਕੈਲਗਰੀ, ਅਲਬਰਟਾ

pchs Serving Diverse Communities
Punjabi Community Health Services
CSN Canadian Sikh Network
ccasa Calgary Communities Against Sexual Abuse

pchs4u.com canadiansikhnetwork.com calgarycasa.com

# ਬੱਚਿਆਂ ਨਾਲ ਕਾਮੁਕ ਦੁਰਵਿਹਾਰ (ਸੈਕਸ਼ੂਅਲ ਅਬਯੂਜ਼)

### ਇਹ ਹਰ ਕਮਿਊਨਿਟੀ ਵਿੱਚ ਹੁੰਦਾ ਹੈ ਆਪਣੀ ਕਮਿਊਨਿਟੀ ਵਿੱਚ ਹੋਣ ਤੋਂ ਬਚਾਓ!



ਇੰਡੋ-ਕਨੇਡੀਅਨ ਕਮਿਊਨਿਟੀ ਦੇ ਮੈਂਬਰ ਕੈਲਗਰੀ ਕਮਿਊਨਿਟੀਜ਼ ਅਗੇਂਸਟ ਸੈਕਸੂਅਲ ਅਬਯੂਜ਼ (CCASA) ਨਾਲ ਮਿਲ ਕੇ ਇੱਕ ਪ੍ਰੋਜੈਕਟ ਤੇ ਕੰਮ ਕਰ ਰਹੇ ਹਨ। ਇਸ ਪ੍ਰੋਜੈਕਟ ਦਾ ਮਕਸਦ ਇੰਡੋ-ਕਨੇਡੀਅਨ ਬੱਚਿਆਂ ਨਾਲ ਹੁੰਦੇ ਕਾਮੁਕ ਦੁਰਵਿਹਾਰ ਬਾਰੇ ਜਾਣਕਾਰੀ ਵਧਾਉਣਾ ਅਤੇ ਕਮਿਊਨਿਟੀ ਦੇ ਮੈਂਬਰਾਂ ਨੂੰ ਸਿਖਿਆ ਦੇਣਾ ਅਤੇ ਜਾਗਰਤੀ ਪ੍ਰਦਾਨ ਕਰਨਾ ਹੈ।

## ਬੱਚਿਆਂ ਨਾਲ ਕਾਮੁਕ ਦੁਰਵਿਹਾਰ ਕੀ ਹੈ?

ਜਦੋਂ ਕੋਈ ਬਾਲਗ ਜਾਂ ਬਜ਼ੁਰਗ ਗਲਤ ਸੋਚ ਰੱਖ ਕੇ ਬੱਚੇ ਦੇ ਗੁਪਤ ਅੰਗਾਂ ਵੱਲ ਦੇਖਦਾ ਹੈ ਜਾਂ ਉਹਨਾਂ ਨੂੰ ਛੂੰਹਦਾ ਹੈ, ਜਾਂ ਬੱਚੇ ਨੂੰ ਆਪਣੇ ਗੁਪਤ ਅੰਗਾਂ ਵੱਲ ਦੇਖਣ ਜਾਂ ਉਹਨਾਂ ਨੂੰ ਹੱਥ ਲਾਉਣ ਲਈ ਕਹਿੰਦਾ ਹੈ।

ਕਿਸੇ ਵੱਲੋਂ ਬੱਚੇ ਨੂੰ ਨੰਗੀਆਂ ਫੋਟੋ, ਫਿਲਮਾਂ ਜਾਂ ਵੈਬਸਾਈਟ ਦਿਖਾਉਣਾ ਜਾਂ ਬੱਚੇ ਸਾਹਮਣੇ ਅਸ਼ਲੀਲ ਹਰਕਤਾਂ ਕਰਨਾ ਵੀ ਚੰਗੀ ਗਲ ਨਹੀਂ। ਬੱਚੇ ਨਾਲ ਅਸ਼ਲੀਲ ਗੱਲਾਂ ਕਰਨਾ ਵੀ ਇਸ ਦਾ ਇ੍ਕ ਹਿੱਸਾ ਹੈ।

## ਬੱਚਿਆਂ ਨਾਲ ਕਾਮੁਕ ਦੁਰਵਿਹਾਰ ਦੀ ਪ੍ਰਚਲਤਾ

ਬੱਚਿਆਂ ਨਾਲ ਕਾਮੁਕ ਦੁਰਵਿਹਾਰ ਇੱਕ ਅਜਿਹਾ ਵਿਸ਼ਾਂ ਹੈ ਜਿਸ ਨੇ ਬਹੁਤ ਸਾਰੇ ਬੱਚਿਆਂ ਦੀਆਂ ਜ਼ਿੰਦਗੀਆਂ ਤੇ ਪ੍ਰਭਾਵ ਪਾਇਆ ਹੈ, 17 ਸਾਲ ਦੀ ਉਮਰ ਤੱਕ ਤਿਨ ਵਿੱਚੋਂ ਇੱਕ ਲੜਕੀ ਅਤੇ ਛੇ ਵਿੱਚੋਂ ਇੱਕ ਲੜਕਾ ਕਾਮੁਕ ਦੁਰਵਿਹਾਰ ਦਾ ਸ਼ਿਕਾਰ ਹੁੰਦਾ ਹੈ।

## ਬੱਚਿਆਂ ਨਾਲ ਕਾਮੁਕ ਦੁਰਵਿਹਾਰ ਕੌਣ ਕਰਦਾ ਹੈ?

1996 ਕਨੇਡਾ ਦੇ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ 80% ਤੋਂ 85% ਤੱਕ ਬੱਚਿਆਂ ਨਾਲ ਕਾਮੁਕ ਦੁਰਵਿਹਾਰ ਜ਼ਿਆਦਾਤਰ ਉਹ ਲੋਕ ਕਰਦੇ ਹਨ ਜਿਹਨਾਂ ਨੂੰ ਜਾਂ ਤਾਂ ਉਹ ਜਾਣਦੇ ਹੁੰਦੇ ਹਨ ਜਾਂ ਵਿਸ਼ਵਾਸ ਕਰਦੇ ਹਨ ਜਿਵੇਂ ਕਿ ਪਰਿਵਾਰ ਦੇ ਮੈਂਬਰ, ਦੋਸਤ ਜਾਂ ਕਮਿਊਨਿਟੀ ਵਿੱਚ ਹੋਰ ਲੋਕ ਜਿਹਨਾਂ ਨੂੰ ਬੱਚਾ ਜਾਂ ਪਰਿਵਾਰ ਦੇ ਮੈਂਬਰ ਜਾਣਦੇ ਹੋਣ।

**ਜੇ ਤੁਹਾਨੂੰ ਮਦਦ ਦੀ ਲੋੜ ਹੈ ਜਾਂ ਜਾਣਕਾਰੀ ਲੈਣੀ ਹੈ ਤਾਂ ਕੈਲਗਰੀ ਕਮਿਊਨਿਟੀਜ਼ ਅਗੇਂਸਟ ਸੇਕੂਸਅਲ ਅਬਯੂਜ ਨੂੰ ਫੋਨ ਕਰੋ:**

**403-237-5888 (24 ਘੰਟੇ)**
**1-877-237-5888 (24 ਘੰਟੇ ਟੋਲ ਫਰੀ)**

**CCASA ਦੁਆਰਾ ਦਿੱਤੀਆਂ ਜਾਂਦੀਆਂ ਸੇਵਾਵਾਂ ਮੁਫਤ ਅਤੇ ਗੁਪਤ ਹਨ**

## ਬੱਚੇ ਵੱਲੋਂ ਕਾਮੁਕ ਦੁਰਵਿਹਾਰ ਬਾਰੇ ਗੱਲਬਾਤ ਨਾ ਕਰ ਸਕਣ ਦੇ ਕੀ ਕਾਰਨ ਹਨ?

- ਅਕਸਰ ਬੱਚੇ ਇਸ ਬਾਰੇ ਆਪਣੇ ਮਾਪਿਆਂ ਨਾਲ ਗੱਲਬਾਤ ਕਰਨਾ ਉਚਿੱਤ ਨਹੀਂ ਸਮਝਦੇ ਅਤੇ ਉਹਨਾਂ ਨੂੰ ਇਹ ਪਤਾ ਨਹੀਂ ਲੱਗਦਾ ਕਿ ਉਹ ਹੋਰ ਕਿਸ ਨਾਲ ਇਸ ਬਾਰੇ ਗੱਲ ਕਰਨ
- ਹੋ ਸਕਦਾ ਹੈ ਜਿਸ ਨੇ ਬੱਚੇ ਨਾਲ ਕਾਮੁਕ ਦੁਰਵਿਹਾਰ ਕੀਤਾ ਹੋਵੇ, ਉਸਨੇ ਬੱਚੇ ਨੂੰ ਡਰਾਇਆ ਧਮਕਾਇਆ ਹੋਵੇ ਕਿ ਤੂੰ ਇਸ ਬਾਰੇ ਕਿਸੇ ਨਾਲ ਗੱਲ ਨਹੀਂ ਕਰਨੀ
- ਬੱਚੇ ਦਾ ਇਹ ਡਰ ਕਿ ਉਸਤੇ ਕਿਸੇ ਨੇ ਵਿਸ਼ਵਾਸ ਨਹੀਂ ਕਰਨਾ
- ਬੱਚੇ ਦਾ ਇਹ ਡਰ ਕਿ ਇਸ ਲਈ ਉਸਨੂੰ ਹੀ ਜ਼ਿੰਮੇਵਾਰ ਠਹਿਰਾਇਆ ਜਾਵੇਗਾ ਜਾਂ ਉਸਨੂੰ ਸਜ਼ਾ ਮਿਲੇਗੀ
- ਬੱਚੇ ਜ਼ਿਆਦਾਤਰ ਕਿਸੇ ਜਾਣ ਪਹਿਚਾਣ ਵਾਲੇ ਜਾਂ ਯਕੀਨ ਵਾਲੇ ਦੇ ਹੱਥੋਂ ਹੀ ਕਾਮੁਕ ਦੁਰਵਿਹਾਰ ਦਾ ਸ਼ਿਕਾਰ ਹੁੰਦੇ ਹਨ ਅਤੇ ਹੋ ਸਕਦਾ ਹੈ ਉਹ ਉਸ ਨੂੰ ਬਚਾਉਣਾ ਚਾਹੁੰਦੇ ਹੋਣ
- ਹੋ ਸਕਦਾ ਹੈ ਬੱਚੇ ਨੂੰ ਕਾਮੁਕ ਦੁਰਵਿਹਾਰ ਬਾਰੇ ਗੱਲਬਾਤ ਕਰਨਾ ਆਸਾਨ ਨਾ ਲੱਗਦਾ ਹੋਵੇ ਅਤੇ ਇਸ ਬਾਰੇ ਗੱਲ ਕਰਦਿਆਂ ਸ਼ਰਮ ਆਉਂਦੀ ਹੋਵੇ

## ਤੁਸੀਂ ਬੱਚਿਆਂ ਨਾਲ ਹੁੰਦੇ ਕਾਮੁਕ ਦੁਰਵਿਹਾਰ ਬਾਰੇ ਕੀ ਕਰ ਸਕਦੇ ਹੋ?

- CCASA ਦੀ ਵੈਬਸਾਈਟ www.calgarycasa.com ਤੇ ਜਾ ਕੇ 'ਬੱਚਿਆਂ ਨਾਲ ਕਾਮੁਕ ਦੁਰਵਿਹਾਰ ਕੀ ਹੁੰਦਾ ਹੈ'? ਬਾਰੇ ਜਾਣਕਾਰੀ ਲਓ।
- ਬੱਚਿਆਂ ਨਾਲ ਉਹਨਾਂ ਦੇ ਸਰੀਰ ਅਤੇ ਕਾਮੁਕ ਦੁਰਵਿਹਾਰ ਕੀ ਹੁੰਦਾ ਹੈ? ਬਾਰੇ ਗੱਲਬਾਤ ਕਰੋ
- ਬੱਚਿਆਂ ਨੂੰ ਇਹ ਦੱਸੋ ਕਿ ਜੇ ਕੋਈ ਉਹਨਾਂ ਦੇ ਸਰੀਰ ਨੂੰ ਹੱਥ ਲਾਏ ਅਤੇ ਉਸ ਨਾਲ ਉਹ ਉਦਾਸ, ਡਰੇ ਹੋਏ ਜਾਂ ਅਸੁਖਾਵਾਂ ਮਹਿਸੂਸ ਕਰਨ ਤਾਂ ਉਹਨਾਂ ਨੂੰ "ਨਾਂਹ" ਕਹਿਣ ਦਾ ਹੱਕ ਹੈ
- ਬੱਚਿਆਂ ਨੂੰ ਇਹ ਸਿਖਾਓ ਕਿ ਜੇ ਉਹਨਾਂ ਨੂੰ ਕੋਈ ਹੱਥ ਲਾ ਕੇ ਉਦਾਸ, ਡਰਿਆ ਹੋਇਆ ਜਾਂ ਅਸੁਖਾਵਾਂ ਮਹਿਸੂਸ ਕਰਵਾਵੇ ਤਾਂ ਉਹ ਉਸ ਵੱਡੇ ਨੂੰ ਦੱਸਣ ਜਿਸ ਤੇ ਉਹ ਯਕੀਨ ਕਰਦੇ ਹਨ।

ਬੱਚਿਆਂ ਨਾਲ ਦੁਰਵਿਹਾਰ ਅਤੇ ਬੱਚਿਆਂ ਨਾਲ ਕਾਮੁਕ ਦੁਰਵਿਹਾਰ ਇੱਕ ਜ਼ੁਰਮ ਹੈ।ਹਰ ਇੱਕ ਬਾਲਗ ਦੀ ਇਹ ਕਾਨੂੰਨੀ ਜ਼ਿੰਮੇਵਾਰੀ ਹੈ ਕਿ ਉਹ ਬੱਚਿਆਂ ਨਾਲ ਦੁਰਵਿਹਾਰ ਅਤੇ ਬੱਚਿਆਂ ਨਾਲ ਕਾਮੁਕ ਦੁਰਵਿਹਾਰ ਦਾ ਹਰ ਸੰਭਾਵਿਤ ਕੇਸ ਰਿਪੋਰਟ ਕਰੇ।

## ਜੇ ਬੱਚਾ ਤੁਹਾਨੂੰ ਦੱਸੇ ਕਿ ਉਸ ਨਾਲ ਕਾਮੁਕ ਦੁਰਵਿਹਾਰ ਹੋ ਰਿਹਾ ਹੈ:

- ਬੱਚੇ ਤੇ **ਯਕੀਨ** ਕਰੋ
- ਬੱਚੇ ਨੂੰ ਦੱਸੋ ਕਿ ਇਹ **ਉਸਦੀ ਗਲਤੀ ਨਹੀਂ ਹੈ**
- ਉਸ **ਬੱਚੇ ਨੂੰ ਸੁਰੱਖਿਅਤ** ਰੱਖਣ ਲਈ ਉਹ ਸਭ ਕੁਝ ਕਰੋ ਜੋ ਤੁਸੀਂ ਕਰ ਸਕਦੇ ਹੋ

## ਬੱਚਿਆਂ ਨਾਲ ਕਾਮੁਕ ਦੁਰਵਿਹਾਰ ਬਾਰੇ ਗਲਤ ਧਾਰਨਾਵਾਂ:

**ਮਾਪਿਆਂ ਨੂੰ ਪਤਾ ਹੋਵੇਗਾ ਜੇ ਉਹਨਾਂ ਦੇ ਬੱਚੇ ਨਾਲ ਕਾਮੁਕ ਦੁਰਵਿਹਾਰ ਹੋ ਰਿਹਾ ਹੋਵੇ –** ਖੋਜ ਤੋਂ ਇਹ ਪਤਾ ਲੱਗਦਾ ਹੈ ਕਿ ਜੇ ਕਾਮੁਕ ਦੁਰਵਿਹਾਰ ਹੋਇਆ ਹੋਵੇ ਤਾਂ ਬਹੁਤੇ ਬੱਚਿਆਂ ਵਿੱਚ ਇਸ ਦੀਆਂ ਨਿਸ਼ਾਨੀਆਂ ਬਿਲਕੁਲ ਨਹੀਂ ਦਿਖਾਈ ਦਿੰਦੀਆਂ। ਬਹੁਤੇ ਮਾਪੇ ਆਪਣੇ ਜਾਣਨ ਜਾਂ ਵਿਸ਼ਵਾਸ਼ ਵਾਲੇ ਕੋਲ ਉਹ ਬੱਚੇ ਛੱਡਦੇ ਹਨ।

**ਕਾਮੁਕ ਦੁਰਵਿਹਾਰ ਦਾ ਸ਼ਿਕਾਰ ਹੋਣ ਵਾਲੇ ਬੱਚੇ ਝੂਠ ਬੋਲਦੇ ਹਨ –** ਯੂਨੀਵਰਸਿਟੀ ਆਫ ਅਲਬਰਟਾ ਅਤੇ ਸੈਕ-ਸਯੂਲ ਅਸਾਲਟ ਐਂਡ ਦਾ ਲਾਅ ਇੰਨ ਕਨੇਡਾ ਦੀ ਰਿਪੋਰਟ ਮੁਤਾਬਿਕ 96% ਤੋਂ 98% ਕਾਮੁਕ ਜਬਰਦਸਤੀ ਦੀਆਂ ਸ਼ਿਕਾਇਤਾਂ ਸੱਚੀਆਂ ਹੁੰਦੀਆਂ ਹਨ।

## ਬੱਚਿਆਂ ਨਾਲ ਹੁੰਦੇ ਕਾਮੁਕ ਦੁਰਵਿਹਾਰ ਬਾਰੇ ਰਿਪੋਰਟ ਕਰਨਾ

ਕੈਲਗਰੀ ਐਂਡ ਏਰੀਆ ਚਾਈਲਡ ਐਂਡ ਫੈਮਿਲੀ ਸਰਵਿਸਿਜ਼
403-297-2995 (24 ਘੰਟੇ)

ਕੈਲਗਰੀ ਪੁਲਿਸ ਸਰਵਿਸ – ਚਾਈਲਡ ਅਬਯੂਜ਼ ਯੂਨਿਟ
403-266-1234 (24 ਘੰਟੇ)
403-206-8390

ਚਾਈਲਡ ਅਬਯੂਜ਼ ਹਾਟ ਲਾਈਨ
1-800-387-5437



**ਕਾਮੁਕ ਦੁਰਵਿਹਾਰ ਰੋਕਣ ਲਈ ਕੀਤੇ ਜਾਂਦੇ ਕੰਮਾਂ ਵਿੱਚ ਹਿੱਸਾ ਲੈਣ ਨਾਲ ਸਾਡਾ ਸਭ ਦਾ ਹੀ ਫਾਇਦਾ ਹੈ।**